## ਅਕਸਰ ਪੁੱਛੇ ਜਾਂਦੇ ਸਵਾਲ

**ਡਿਸਾਇਫਰ ਪ੍ਰੋਸਟੇਟ** (Decipher Prostate) **ਦਾ ਆਰਡਰ ਕੌਣ ਦਿੰਦਾ ਹੈ?**

ਡਿਸਾਇਫਰ ਪ੍ਰੋਸਟੇਟ ਦਾ ਆਰਡਰ ਤੁਹਾਡੇ ਡਾਕਟਰ ਜਾਂ ਪ੍ਰਦਾਨਕ ਦੁਆਰਾ ਦਿੱਤਾ ਜਾਣਾ ਲਾਜ਼ਮੀ ਹੈ। ਕਿਸੇ ਵਾਧੂ ਪ੍ਰਕਿਰਿਆ ਦੀ ਲੋੜ ਨਹੀਂ ਹੁੰਦੀ ਹੈ।

**ਮੇਰੇ ਡਿਸਾਇਫਰ ਪ੍ਰੋਸਟੇਟ ਟੈਸਟ ਦੇ ਨਤੀਜੇ ਪ੍ਰਾਪਤ ਕਰਨ ਵਿੱਚ ਕਿੰਨਾ ਸਮਾਂ ਲੱਗਦਾ ਹੈ?**

ਤੁਹਾਡੇ ਡਾਕਟਰ ਨੂੰ ਤੁਹਾਡੇ ਡਿਸਾਇਫਰ ਪ੍ਰੋਸਟੇਟ ਟੈਸਟ ਦੇ ਨਤੀਜੇ ਇਸਦਾ ਆਰਡਰ ਦਿੱਤੇ ਜਾਣ ਦੀ ਮਿਤੀ ਤੋਂ ਲਗਭਗ 2-3 ਹਫ਼ਤਿਆਂ ਬਾਅਦ ਮੁਹੱਈਆ ਕੀਤੇ ਜਾਣਗੇ।

**ਕੀ ਡਿਸਾਇਫਰ ਪ੍ਰੋਸਟੇਟ ਮੇਰੇ DNA ਦੀ ਜਾਂਚ ਕਰਦਾ ਹੈ?**

ਨਹੀਂ, ਡਿਸਾਇਫਰ ਪ੍ਰੋਸਟੇਟ ਰਸੌਲੀ ਦੇ RNA ਨੂੰ ਮਾਪ ਕੇ ਜੀਨ ਸਮੀਕਰਨ ਦਾ ਮੁਲਾਂਕਣ ਕਰਦਾ ਹੈ। ਇਹ ਰਸੌਲੀ ਦੀ ਗਤੀਵਿਧੀ ਜਾਂ ਵਿਵਹਾਰ ਦੀ ਝਲਕ ਪ੍ਰਦਾਨ ਕਰਦਾ ਹੈ।

**ਰਸੌਲੀ ਦੀ ਜੀਨੋਮਿਕ ਟੈਸਟਿੰਗ** (genomic testing) **ਕੀ ਹੈ?**

ਰਸੌਲੀ ਦੀ ਜੀਨੋਮਿਕ ਟੈਸਟਿੰਗ ਜੀਨਾਂ ਨੂੰ, ਉਹ ਕਿਵੇਂ ਆਪਸ ਵਿੱਚ ਜੁੜੇ ਹੋਏ ਹਨ, ਅਤੇ ਕੈਂਸਰ ਵਾਲੇ ਟਿਸ਼ੂ ਦੇ ਅੰਦਰ ਉਹਨਾਂ ਦੀ ਸਮੀਕਰਨ ਜਾਂ ਗਤੀਵਿਧੀ ਨੂੰ ਵੇਖਦੀ ਹੈ। ਇਸ ਨਾਲ ਬਿਮਾਰੀ ਦਾ ਵਿਵਹਾਰ ਨਿਰਧਾਰਤ ਕਰਨ ਵਿੱਚ ਮਦਦ ਮਿਲ ਸਕਦੀ ਹੈ, ਜਿਵੇਂ ਕਿ ਇਸਦੀ ਹਮਲਾਵਰਤਾ।

**ਮੇਰਾ ਡਿਸਾਇਫਰ ਸਕੋਰ ਨਿਰਧਾਰਤ ਕਰਨ ਲਈ ਕਿਹੜੀ ਜਾਣਕਾਰੀ ਦੀ ਵਰਤੋਂ ਕੀਤੀ ਜਾਂਦੀ ਹੈ?**

ਤੁਹਾਡਾ ਡਿਸਾਇਫਰ ਸਕੋਰ ਤੁਹਾਡੀ ਪ੍ਰੋਸਟੇਟ ਕੈਂਸਰ ਵਾਲੀ ਰਸੌਲੀ ਤੋਂ 22 ਜੀਨਾਂ ਦੀ ਸਮੀਕਰਨ ਤੋਂ ਲਿਆ ਜਾਂਦਾ ਹੈ, ਅਤੇ ਕਿਸੇ ਹੋਰ ਕਲੀਨਿਕਲ ਜਾਣਕਾਰੀ ਜਿਵੇਂ ਕਿ ਗਲੀਸਨ ਸਕੋਰ (Gleason Score) ਜਾਂ PSA ਪੱਧਰ 'ਤੇ ਵਿਚਾਰ ਨਹੀਂ ਕਰਦਾ ਹੈ।

## ਸਾਡੇ ਨਾਲ ਸੰਪਰਕ ਕਰੋ!


client.service-urology@veracyte.com

1.888.792.1601

https://decipherbio.com/decipher-prostate/patients/decipher-prostate-overview/ ਜਾਂ QR ਕੋਡ ਸਕੈਨ ਕਰੋ


## ਸੇਧਾਂ ਅਤੇ ਕਵਰੇਜ

- ਪ੍ਰੋਸਟੇਟ ਕੈਂਸਰ ਵਾਸਤੇ ਕੈਂਸਰ ਵਿਗਿਆਨ ਵਿੱਚ NCCN ਕਲੀਨਿਕੀ ਅਭਿਆਸ ਸੰਬੰਧੀ ਸੇਧਾਂ (**NCCN ਸੇਧਾਂ®**) ਅਤੇ **AUA/ASTRO ਸੇਧਾਂ** ਵਿੱਚ ਸ਼ਾਮਲ
- ਸਥਾਨਿਕ ਪ੍ਰੋਸਟੇਟ ਕੈਂਸਰ ਵਾਲੇ ਸਾਰੇ ਲਾਭਪਾਤਰੀਆਂ ਵਾਸਤੇ **Medicare** ਅਤੇ ਸਮੁੱਚੇ ਅਮਰੀਕਾ ਵਿੱਚ **ਮੁੱਖ ਬੀਮਾ ਯੋਜਨਾਵਾਂ** ਦੁਆਰਾ ਕਵਰ ਕੀਤਾ ਜਾਂਦਾ ਹੈ
- **Veracyte Access** ਪ੍ਰੋਗਰਾਮ ਰਾਹੀਂ ਵਿੱਤੀ ਸਹਾਇਤਾ ਉਪਲਬਧ ਹੈ।

**QR ਕੋਡ ਦੀ ਵਰਤੋਂ ਕਰਕੇ ਅਰਜ਼ੀ ਫਾਰਮ ਡਾਊਨਲੋਡ ਕਰੋ**

| ਪਰਿਵਾਰ ਦਾ ਆਕਾਰ | ਮਰੀਜ਼ ਲਈ ਲਾਗਤ | | |
|---|---|---|---|
| | $0 | $100 | $295 |
| 1 | $45,180 | $52,710 | $60,240 |
| 2 | $61,320 | $71,540 | $81,760 |
| 3 | $77,460 | $90,370 | $103,280 |
| 4 | $93,600 | $109,200 | $124,800 |
| 5 | $109,740 | $128,030 | $146,320 |
| **2024 ਪਰਿਵਾਰ ਦੀ ਅਧਿਕਤਮ ਆਮਦਨ*** | | | |

NCCN = National Comprehensive Cancer Network® (NCCN®)।
ਪ੍ਰੋਸਟੇਟ ਕੈਂਸਰ ਵਾਸਤੇ ਕੈਂਸਰ ਵਿਗਿਆਨ ਵਿੱਚ NCCN ਕਲੀਨਿਕੀ ਅਭਿਆਸ ਸੰਬੰਧੀ ਸੇਧਾਂ (NCCN ਸੇਧਾਂ®) V.3.2024 ਤੋਂ ਆਗਿਆ ਦੇ ਨਾਲ ਹਵਾਲਾ ਦਿੱਤਾ ਗਿਆ। © ਨੈਸ਼ਨਲ ਕੰਪਰੀਹੈਨਸਿਵ ਕੈਂਸਰ ਨੈੱਟਵਰਕ 2024. ਸਾਰੇ ਹੱਕ ਰਾਖਵੇਂ ਹਨ। 22 ਮਾਰਚ, 2024 ਨੂੰ ਪਹੁੰਚ ਕੀਤੀ ਗਈ। ਸੇਧ ਦਾ ਸਭ ਤੋਂ ਤਾਜ਼ਾ ਅਤੇ ਪੂਰਾ ਸੰਸਕਰਣ ਦੇਖਣ ਲਈ, ਔਨਲਾਈਨ NCCN.org 'ਤੇ ਜਾਓ। NCCN ਉਹਨਾਂ ਦੀ ਸਮੱਗਰੀ, ਵਰਤੋਂ ਜਾਂ ਉਪਯੋਗਤਾ ਦੇ ਸੰਬੰਧ ਵਿੱਚ ਕਿਸੇ ਵੀ ਕਿਸਮ ਦੀਆਂ ਕੋਈ ਵਾਰੰਟੀਆਂ ਨਹੀਂ ਦਿੰਦਾ ਹੈ ਅਤੇ ਕਿਸੇ ਵੀ ਤਰੀਕੇ ਨਾਲ ਉਹਨਾਂ ਦੀ ਉਪਯੋਗਤਾ ਜਾਂ ਵਰਤੋਂ ਲਈ ਕਿਸੇ ਵੀ ਜ਼ਿੰਮੇਵਾਰੀ ਤੋਂ ਬੇਦਾਅਵਾ ਕਰਦਾ ਹੈ।

*Veracyte Access ਲਈ ਯੋਗਤਾ ਕੁੱਲ ਸਾਲਾਨਾ ਪਰਿਵਾਰਕ ਆਮਦਨ, ਬੀਮਾ ਸਥਿਤੀ, ਅਤੇ ਪਰਿਵਾਰ ਦੇ ਆਕਾਰ 'ਤੇ ਆਧਾਰਿਤ ਹੁੰਦੀ ਹੈ। ਯੋਗਤਾ ਬਾਰੇ ਕੁਝ ਪਾਬੰਦੀਆਂ ਲਾਗੂ ਹੁੰਦੀਆਂ ਹਨ। Veracyte ਯੋਗ ਬਿਨੈਕਾਰਾਂ ਨੂੰ ਘੱਟ ਕੀਮਤ 'ਤੇ ਕੁਝ ਡਿਸਾਇਫਰ ਟੈਸਟਾਂ ਦੀ ਪੇਸ਼ਕਸ਼ ਕਰਦਾ ਹੈ, ਸਿਵਾਏ ਉਹਨਾਂ ਸਥਿਤੀਆਂ ਦੇ ਜਿੱਥੇ ਹੋਰ ਪਾਬੰਦੀਆਂ ਲਾਗੂ ਹਨ। ਅਮਰੀਕਾ, ਡਿਸਟ੍ਰਿਕਟ ਆਫ਼ ਕੋਲੰਬੀਆ ਅਤੇ ਪਿਊਰਟੋ ਰੀਕੋ ਦੇ ਨਿਵਾਸੀ ਅਪਲਾਈ ਕਰਨ ਦੇ ਯੋਗ ਹਨ। Veracyte Access ਸਿਹਤ ਬੀਮਾ ਨਹੀਂ ਹੈ। ਤੁਹਾਡੇ ਲਈ ਉੱਪਰ ਦੱਸੀਆਂ ਕੁਝ ਆਮਦਨ ਸੰਬੰਧੀ ਲੋੜਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਅਸੀਂ ਤੁਹਾਡੀ ਆਮਦਨੀ ਦੀ ਪੁਸ਼ਟੀ ਕਰਨ ਲਈ ਦਸਤਾਵੇਜ਼ਾਂ ਦੀ ਬੇਨਤੀ ਕਰ ਸਕਦੇ ਹਾਂ, ਜਿਨ੍ਹਾਂ ਵਿੱਚ ਹਾਲ ਹੀ ਵਿੱਚ ਦਾਇਰ ਕੀਤੀਆਂ ਟੈਕਸ ਰਿਟਰਨਾਂ ਅਤੇ ਹੋਰ ਸਹਾਇਕ ਦਸਤਾਵੇਜ਼ ਸ਼ਾਮਲ ਹਨ। ਸਹਾਇਤਾ ਦੀ ਬੇਨਤੀ ਕਰਕੇ, ਤੁਸੀਂ ਆਪਣੀ ਸਰਵੋਤਮ ਜਾਣਕਾਰੀ ਅਨੁਸਾਰ ਪ੍ਰਮਾਣਿਤ ਕਰਦੇ ਹੋ, ਕਿ ਤੁਸੀਂ ਸਹਾਇਤਾ ਲਈ ਯੋਗ ਹੋ ਅਤੇ ਤੁਹਾਡੇ ਕੋਲ ਆਰਡਰ ਕੀਤੇ ਟੈਸਟ ਵਾਸਤੇ ਭੁਗਤਾਨ ਕਰਨ ਲਈ ਲੋੜੀਂਦੇ ਵਿੱਤੀ ਸਰੋਤ ਨਹੀਂ ਹਨ। ਅਸੀਂ ਬਿਨਾਂ ਨੋਟਿਸ ਦੇ ਕਿਸੇ ਵੀ ਕਾਰਨ ਕਰਕੇ ਇਸ ਪ੍ਰੋਗਰਾਮ ਨੂੰ ਕਿਸੇ ਵੀ ਸਮੇਂ ਬੰਦ ਕਰ ਸਕਦੇ ਹਾਂ ਜਾਂ ਬਦਲ ਸਕਦੇ ਹਾਂ।


© 2024 Veracyte, Inc. ਸਾਰੇ ਅਧਿਕਾਰ ਰਾਖਵੇਂ ਹਨ, Decipher, Veracyte, ਅਤੇ Veracyte ਲੋਗੋ Veracyte ਦੇ ਰਜਿਸਟਰਡ ਟ੍ਰੇਡਮਾਰਕ ਹਨ। Veracyte ਦੀ CLIA-ਪ੍ਰਮਾਣਿਤ ਪ੍ਰਯੋਗਸ਼ਾਲਾ ਵਿਕਸਤ ਟੈਸਟ (LDT) ਸੇਵਾ ਦੇ ਹਿੱਸੇ ਵਜੋਂ ਡਿਸਾਇਫਰ ਪ੍ਰੋਸਟੇਟ ਅਮਰੀਕਾ ਵਿੱਚ ਉਪਲਬਧ ਹੈ, ਅਤੇ FDA ਕਲੀਅਰੈਂਸ ਦੀ ਲੋੜ ਨਹੀਂ ਹੈ।




MRKT-FRM-10040-PJB


veracyte

# Decipher® Prostate

## Genomic Classifier




**ਆਪਣੇ ਡਾਕਟਰ ਨਾਲ ਇਸ ਬਾਰੇ ਗੱਲ ਕਰੋ ਕਿ ਕਿਵੇਂ ਡਿਸਾਇਫਰ ਪ੍ਰੋਸਟੇਟ ਤੁਹਾਡੇ ਪ੍ਰੋਸਟੇਟ ਕੈਂਸਰ ਦੀ ਦੇਖਭਾਲ ਲਈ ਮਹੱਤਵਪੂਰਨ ਫੈਸਲਿਆਂ ਬਾਰੇ ਸੋਚ-ਸਮਝ ਕੇ ਫੈਸਲਾ ਲੈਣ ਵਿੱਚ ਮਦਦ ਕਰ ਸਕਦਾ ਹੈ।**

## ਡਿਸਾਇਫਰ ਪ੍ਰੋਸਟੇਟ ਬਾਰੇ

- ਇਹ 22-ਜੀਨਾਂ ਦਾ ਜੀਨੋਮਿਕ ਟੈਸਟ ਹੈ ਜੋ ਤੁਹਾਡੀ ਰਸੌਲੀ ਦੀਆਂ ਅਣਵੀਂ ਵਿਸ਼ੇਸ਼ਤਾਵਾਂ ਨੂੰ ਦੇਖਦਾ ਹੈ ਤਾਂ ਜੋ ਇਹ ਮੁਲਾਂਕਣ ਕੀਤਾ ਜਾ ਸਕੇ ਕਿ ਇਸਦੀ **ਹਮਲਾਵਰਤਾ** ਕੀ ਹੈ, ਜਾਂ ਪ੍ਰੋਸਟੇਟ ਤੋਂ ਬਾਹਰ ਇਸਦੇ ਫੈਲਣ ਦੀ ਸੰਭਾਵਨਾ ਕਿੰਨੀ ਹੈ।
- ਨਤੀਜਾ 0-1 ਤੱਕ ਦੀ ਸੰਖਿਆ ਹੁੰਦੀ ਹੈ (ਤੁਹਾਡਾ ਡਿਸਾਇਫਰ ਸਕੋਰ), ਜਿਸਨੂੰ **ਡਿਸਾਇਫਰ ਘੱਟ ਜੋਖਮ**, **ਡਿਸਾਇਫਰ ਦਰਮਿਆਨਾ ਜੋਖਮ** ਜਾਂ **ਡਿਸਾਇਫਰ ਉੱਚ ਜੋਖਮ** ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ।
- ਤੁਹਾਡੀ ਬਾਇਓਪਸੀ ਜਾਂ ਰੈਡੀਕਲ ਪ੍ਰੋਸਟੇਟੈਕਟੋਮੀ (ਪ੍ਰੋਸਟੇਟ ਨੂੰ ਹਟਾਉਣ ਲਈ ਸਰਜਰੀ) ਤੋਂ ਮੌਜੂਦਾ ਪ੍ਰੋਸਟੇਟ ਰਸੌਲੀ ਦੇ ਟਿਸ਼ੂ 'ਤੇ ਜਾਂਚ ਕੀਤੀ ਜਾਂਦੀ ਹੈ।

ਕਿਸੇ ਵਾਧੂ ਪ੍ਰਕਿਰਿਆ ਦੀ ਲੋੜ ਨਹੀਂ ਹੈ।




**ਉੱਚਾ ਸਕੋਰ** ਵਧੇਰੇ ਹਮਲਾਵਰ ਰਸੌਲੀ ਨੂੰ ਦਰਸਾਉਂਦਾ ਹੈ।

**ਘੱਟ ਸਕੋਰ** ਘੱਟ ਹਮਲਾਵਰ ਰਸੌਲੀ ਨੂੰ ਦਰਸਾਉਂਦਾ ਹੈ।

## ਮੇਰੇ ਡਾਕਟਰ ਨੇ ਡਿਸਾਇਫਰ ਪ੍ਰੋਸਟੇਟ ਦਾ ਆਰਡਰ ਕਿਉਂ ਦਿੱਤਾ ਹੈ?

ਇਸ ਤੋਂ ਪਹਿਲਾਂ ਕਿ ਤੁਸੀਂ ਅਤੇ ਤੁਹਾਡਾ ਡਾਕਟਰ ਇਹ ਫੈਸਲਾ ਕਰੋ ਕਿ ਤੁਹਾਡੇ ਪ੍ਰੋਸਟੇਟ ਕੈਂਸਰ ਦਾ ਪ੍ਰਬੰਧਨ ਕਿਵੇਂ ਕਰਨਾ ਹੈ, ਤੁਹਾਡਾ ਡਾਕਟਰ ਤੁਹਾਡੀ ਰਸੌਲੀ ਬਾਰੇ ਉਪਲਬਧ ਸਾਰੀ ਜਾਣਕਾਰੀ 'ਤੇ ਵਿਚਾਰ ਕਰਦੇ ਹੋਏ ਤੁਹਾਡੇ **ਜੋਖਮ ਦੇ ਪੱਧਰ** ਦਾ ਮੁਲਾਂਕਣ ਕਰੇਗਾ, ਜਿਸ ਵਿੱਚ ਹੇਠ ਲਿਖੇ ਕਾਰਕ ਸ਼ਾਮਲ ਹਨ:

- ਗਲੀਸਨ (Gleason) ਸਕੋਰ,
- ਪ੍ਰੋਸਟੇਟ ਲਈ ਵਿਸ਼ੇਸ਼ ਐਂਟੀਜੈਂਨ (PSA) ਦਾ ਪੱਧਰ ਅਤੇ
- ਕਲੀਨਿਕੀ ਪੜਾਅ।

ਸਿਰਫ਼ ਇਹਨਾਂ ਕਾਰਕਾਂ ਦੇ ਆਧਾਰ 'ਤੇ, ਇਹ ਹਮੇਸ਼ਾ ਸਪੱਸ਼ਟ ਨਹੀਂ ਹੁੰਦਾ ਕਿ **ਕਦੋਂ** ਜਾਂ **ਕੀ** ਇਲਾਜ ਦੀ ਲੋੜ ਹੈ ਅਤੇ, ਜੇ ਲੋੜ ਹੈ, **ਤਾਂ ਕਿੰਨ੍ਹਾ ਕੁ** ਇਲਾਜ ਜ਼ਰੂਰੀ ਹੈ।





**ਤੁਹਾਡੀ ਰਸੌਲੀ ਦੇ ਜੀਵ-ਵਿਗਿਆਨ ਬਾਰੇ** ਵਧੇਰੇ ਜਾਣਕਾਰੀ (ਮਤਲਬ ਕਿ, ਤੁਹਾਡਾ **ਡਿਸਾਇਫਰ ਸਕੋਰ**) ਤੁਹਾਡੇ ਵਾਸਤੇ ਸਭ ਤੋਂ ਵਧੀਆ ਪ੍ਰਬੰਧਨ ਯੋਜਨਾ ਨਿਰਧਾਰਤ ਕਰਨ ਵਿੱਚ ਮਦਦ ਕਰ ਸਕਦਾ ਹੈ।

## ਮੇਰੇ ਡਿਸਾਇਫਰ ਪ੍ਰੋਸਟੇਟ ਟੈਸਟ ਦੇ ਨਤੀਜੇ ਕਿਵੇਂ ਵਰਤੇ ਜਾਣਗੇ?




**ਡਿਸਾਇਫਰ ਉੱਚ-ਜੋਖਮ** ਪਹਿਲਾਂ ਵਾਲੇ ਜਾਂ ਤੀਬਰ ਕੀਤੇ ਗਏ ਇਲਾਜ 'ਤੇ ਵਿਚਾਰ ਕਰ ਸਕਦਾ ਹੈ

**ਡਿਸਾਇਫਰ ਘੱਟ-ਜੋਖਮ** ਵਾਲੇ ਮਰੀਜ਼ ਘੱਟ ਤੀਬਰ ਜਾਂ ਘੱਟ ਸਮੁੱਚੇ ਇਲਾਜ 'ਤੇ ਵਿਚਾਰ ਕਰ ਸਕਦੇ ਹਨ



ਡਿਸਾਇਫਰ ਪ੍ਰੋਸਟੇਟ ਟੈਸਟਿੰਗ ਦੇ ਬਿਨਾਂ

ਡਿਸਾਇਫਰ ਪ੍ਰੋਸਟੇਟ ਟੈਸਟਿੰਗ ਦੇ ਨਾਲ

**ਆਪਣੇ ਡਾਕਟਰ ਨਾਲ ਇਸ ਬਾਰੇ ਗੱਲ ਕਰੋ ਕਿ ਕਿਵੇਂ ਡਿਸਾਇਫਰ ਪ੍ਰੋਸਟੇਟ ਤੁਹਾਡੇ ਪ੍ਰੋਸਟੇਟ ਕੈਂਸਰ ਦੀ ਦੇਖਭਾਲ ਲਈ ਮਹੱਤਵਪੂਰਨ ਫੈਸਲਿਆਂ ਬਾਰੇ ਸੋਚ-ਸਮਝ ਕੇ ਫੈਸਲਾ ਲੈਣ ਵਿੱਚ ਮਦਦ ਕਰ ਸਕਦਾ ਹੈ।**